## ਕੀ ਕਰਮਚਾਰੀ ਹੋਣਾ ਬਿਹਤਰ ਹੁੰਦਾ ਹੈ?

ਕੰਮ ਵਾਲੀ ਥਾਂ ਦੇ ਅਧਿਕਾਰਾਂ ਅਤੇ ਹਾਲਤਾਂ ਵਿੱਚ ਅੰਤਰ ਦੀ ਤੁਲਨਾ ਕਰੋ:

| ਸੁਤੰਤਰ ਕੌਨਟ੍ਰੈਕਟਰ | ਕਰਮਚਾਰੀ |
|---|---|
| ✗ ਕੋਈ ਘੱਟੋ-ਘੱਟ ਤਨਖਾਹ ਨਹੀਂ ਮਿਲਦੀ ਹੈ (ਜਦੋਂ ਤੱਕ ਕਿ ਇਕਰਾਰਨਾਮੇ ਵਿੱਚ ਇਸਦੇ ਬਾਰੇ ਨਾ ਲਿਖਿਆ ਗਿਆ ਹੋਵੇ, ਜੋ ਕਿ ਜ਼ੁਬਾਨੀ, ਲਿਖਤੀ, ਜਾਂ ਦੋਵਾਂ ਦਾ ਮਿਸ਼ਰਣ ਹੋ ਸਕਦਾ ਹੈ) | ✓ ਘੱਟੋ-ਘੱਟ ਤਨਖਾਹ ਮਿਲਦੀ ਹੀ ਹੈ |
| ✗ ਓਵਰਟਾਈਮ ਜਾਂ ਵੀਕਐਂਡ (ਸ਼ਨੀ-ਐਤਵਾਰ) ਜਾਂ ਜਨਤਕ ਛੁੱਟੀਆਂ 'ਚ ਕੰਮ ਕਰਨ 'ਤੇ ਕੋਈ ਵਾਧੂ ਤਨਖਾਹ ਨਹੀ ਮਿਲਦੀ ਹੈ (ਜਦੋਂ ਤੱਕ ਕਿ ਇਕਰਾਰਨਾਮੇ ਵਿੱਚ ਅਜਿਹਾ ਨਾ ਹੋਵੇ) | ✓ ਅਕਸਰ ਵੀਕਐਂਡ ਅਤੇ ਜਨਤਕ ਛੁੱਟੀਆਂ 'ਤੇ ਓਵਰਟਾਈਮ ਤਨਖਾਹ ਅਤੇ ਪਿਨਲਟੀ ਦਰਾਂ (Penalty rates) ਦੇ ਹੱਕਦਾਰ ਹੁੰਦੇ ਹਨ। |
| ✗ ਤਨਖਾਹ ਨਾਲ ਕੋਈ ਛੁੱਟੀ ਨਹੀ ਮਿਲਦੀ ਹੈ (ਜਦੋਂ ਤੱਕ ਕਿ ਇਕਰਾਰਨਾਮੇ ਵਿੱਚ ਅਜਿਹਾ ਨਾ ਹੋਵੇ) | ✓ ਬਿਮਾਰ ਹੋਣ 'ਤੇ ਜਾਂ ਛੁੱਟੀਆਂ ਮਨਾਉਣ ਲਈ ਛੁੱਟੀ ਲੈਣ ਦੇ ਹੱਕਦਾਰ ਹੁੰਦੇ ਹਨ (ਜ਼ਿਆਦਾਤਰ ਕੈਜ਼ੁਅਲ ਕਰਮਚਾਰੀਆਂ ਤੋਂ ਇਲਾਵਾ), ਅਕਸਰ ਇਹ ਛੁੱਟੀ ਤਨਖਾਹ ਦੇ ਨਾਲ ਮਿਲਦੀ ਹੈ |
| ✗ ਕਦੀ-ਕਦੀ, ਕੋਈ ਸੁਪਰਐਨੁਏਸ਼ਨ ਨਹੀ ਮਿਲਦਾ ਹੈ | ✓ ਮਾਲਕਾਂ ਨੂੰ ਤੁਹਾਡੇ ਸੁਪਰਐਨੁਏਸ਼ਨ ਵਿੱਚ ਯੋਗਦਾਨ ਪਾਉਣਾ ਪਵੇਗਾ (ਬਹੁਤ ਸੀਮਤ ਜਿਹੇ ਹਾਲਤਾਂ ਨੂੰ ਛੱਡ ਕੇ) |
| ✗ ਕਦੀ-ਕਦੀ, ਬਸ਼ਰਤੇ ਕਿ ਤੁਸੀ ਆਪਣਾ ਖੁਦ ਦਾ ਬੀਮਾ ਨਾ ਖਰੀਦਿਆ ਹੋਵੇ, ਤਾਂ ਕਰਮਚਾਰੀਆਂ ਦੀ ਸੱਟ ਦਾ ਕੋਈ ਮੁਆਵਜ਼ਾ (ਵਰਕਕਵਰ) ਨਹੀਂ ਮਿਲਦਾ ਹੈ | ✓ ਮਾਲਕਾਂ ਨੂੰ ਵਰਕਕਵਰ ਬੀਮੇ ਦਾ ਭੁਗਤਾਨ ਕਰਨਾ ਪਵੇਗਾ ਅਤੇ ਜੇਕਰ ਤੁਸੀਂ ਕੰਮ ਕਾਰਨ ਜ਼ਖਮੀ ਜਾਂ ਬਿਮਾਰ ਹੋ ਜਾਂਦੇ ਹੋ ਤਾਂ ਤੁਹਾਨੂੰ ਤਨਖਾਹ ਦੇ ਨਾਲ ਛੁੱਟੀ ਜਾਂ ਮੁਆਵਜ਼ਾ ਮਿਲ ਸਕਦਾ ਹੈ |
| ✗ ਜੇਕਰ ਤੁਹਾਡਾ ਕਲਾਇੰਟ ਇਕਰਾਰਨਾਮਾ ਖਤਮ ਕਰ ਦਿੰਦਾ ਹੈ, ਤਾਂ ਤੁਸੀ ਫੇਅਰ ਵਰਕ ਕਮਿਸ਼ਨ ਕੋਲ ਅਨੁਚਿਤ ਬਰਖਾਸਤਗੀ ਦਾ ਦਾਅਵਾ ਨਹੀਂ ਕਰ ਸਕਦੇ ਹੋ | ✓ ਜੇਕਰ ਤੁਹਾਡਾ ਮਾਲਕ ਤੁਹਾਨੂੰ ਨੌਕਰੀ ਤੋਂ ਕੱਢ ਦਿੰਦਾ ਹੈ ਜਾਂ ਨੌਕਰੀ ਛੱਡਣ ਲਈ ਮਜਬੂਰ ਕਰਦਾ ਹੈ, ਤਾਂ ਤੁਸੀਂ ਫੇਅਰ ਵਰਕ ਕਮਿਸ਼ਨ ਰਾਹੀਂ ਇਸਨੂੰ ਚੁਣੌਤੀ ਦੇਣ ਦੇ ਯੋਗ ਹੋ ਸਕਦੇ ਹੋ। |

## ਮੈਨੂੰ ਨਹੀ ਲੱਗਦਾ ਕਿ ਮੈਨੂੰ ABN 'ਤੇ ਹੋਣਾ ਚਾਹੀਦਾ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?

ਉਹ ਕੰਮ ਜੋ ਤੁਸੀ ਹੁਣੇ ਕਰ ਸਕਦੇ ਹੋ:

- ਆਪਣੇ ਬੌਸ ਤੋਂ ਲਿਖਤੀ ਸਮਝੌਤਾ/ਇਕਰਾਰਨਾਮਾ ਮੰਗੋ ਜਿਸ ਵਿੱਚ ਤੁਹਾਡੇ ਕੰਮ ਦੇ ਨਿਯਮ ਅਤੇ ਸ਼ਰਤਾਂ ਦੱਸੀਆਂ ਗਈਆਂ ਹੋਣ
- ਆਪਣੇ ਕੰਮ ਨਾਲ ਸਬੰਧਤ ਕੋਈ ਵੀ ਇਕਰਾਰਨਾਮੇ, ਇਨਵੌਇਸ, ਚਿੱਠੀਆਂ, ਸੁਨੇਹੇ ਅਤੇ ਈਮੇਲਾਂ ਸਾਂਭ ਕੇ ਰੱਖੋ।
- ਆਪਣੇ ਬੌਸ ਨਾਲ ਹੋਈ ਕਿਸੇ ਵੀ ਮੀਟਿੰਗ ਅਤੇ ਫ਼ੋਨ ਕਾੱਲ ਦੇ ਨੋਟ ਬਣਾ ਲਓ, ਜਿਸ ਵਿੱਚ ਮਿਤੀ ਅਤੇ ਸਮਾਂ ਵੀ ਲਿਖਿਆ ਜਾਵੇ
- ਤੁਹਾਨੂੰ ਜੋ ਵੀ ਕੰਮ ਕਰਨ ਲਈ ਕਿਹਾ ਜਾਂਦਾ ਹੈ, ਉਨਹ੍ਾਂ ਦਾ ਇੱਕ ਰਿਕਾਰਡ ਰੱਖੋ
- ਕੰਮ ਦੀ ਹਰ ਸ਼ਿਫਟ ਦੀ ਮਿਤੀ, ਸਮੇਂ ਅਤੇ ਸਥਾਨ ਦਾ ਰਿਕਾਰਡ ਰੱਖੋ

Queensland Migrant WorkWise

migrantworkwise@qcu.asn.au
qldmigrantworkwise.com




# ਪੰਜਾਬੀ

# ਕੀ ਮੈਨੂੰ ABN 'ਤੇ ਹੋਣਾ ਚਾਹੀਦਾ ਹੈ?

ਕੰਮ ਵਾਲੀ ਥਾਂ 'ਤੇ ABNS ਨੂੰ ਸਮਝਣਾ

Queensland Migrant WorkWise



## ABN ਕੀ ਹੁੰਦਾ ਹੈ?

ABN ਦਾ ਮਤਲਬ ਹੁੰਦਾ ਹੈ ਆਸਟ੍ਰੇਲੀਅਨ ਬਿਜ਼ਨਸ ਨੰਬਰ। ABN ਇੱਕ ਅਜਿਹਾ ਨੰਬਰ ਹੈ ਜੋ ਸਰਕਾਰ, ਹੋਰ ਕਾਰੋਬਾਰਾਂ ਅਤੇ ਭਾਈਚਾਰੇ ਨੂੰ ਇੱਕ ਕਾਰੋਬਾਰ (ਸੁਤੰਤਰ ਕੌਨਟ੍ਰੈਕਟਰਾਂ ਸਮੇਤ) ਦੀ ਪਛਾਣ ਦਿੰਦਾ ਹੈ।

## ਕੀ ਮੈਂ ਇੱਕ ਸੁਤੰਤਰ ਕੌਨਟ੍ਰੈਕਟਰ ਹਾਂ ਜਾਂ ਕਰਮਚਾਰੀ?

ਬਹੁਤ ਸਾਰੇ ਲੋਕ ਦੂਜੇ ਲੋਕਾਂ ਨੂੰ ਆਪਣੀਆਂ ਸੇਵਾਵਾਂ ਪ੍ਰਦਾਨ ਕਰਕੇ ਆਪਣਾ ਖੁਦ ਦਾ ਕਾਰੋਬਾਰ ਚਲਾਉਂਦੇ ਹਨ। ਉਦਾਹਰਣ ਵਜੋਂ, ਅਮਨ ਹਰ ਹਫ਼ਤੇ ਕਈ ਗਾਹਕਾਂ ਨੂੰ ਵਿਸ਼ੇਸ਼ ਬਾਗਬਾਨੀ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਹਰੇਕ ਗਾਹਕ ਤੋਂ ਇੱਕ ਫੀਸ ਲੈਂਦੀ ਹੈ ਜੋ ਉਹ ਆਪਣੇ ਕੋਲ ਰੱਖ ਲੈਂਦੀ ਹੈ। ਅਮਨ ਇੱਕ ਸੁਤੰਤਰ ਕੌਨਟਰ੍ਰੈਕਟਰ ਹੈ ਅਤੇ ABN ਦੀ ਹੱਕਦਾਰ ਹੋ ਸਕਦੀ ਹੈ।

ਕੁਝ ਹੋਰ ਲੋਕੀ ਕਿਸੇ ਹੋਰ ਵਿਅਕਤੀ ਦੀ ਮਲਕੀਅਤ ਵਾਲੇ ਕਾਰੋਬਾਰ ਵਿੱਚ ਕਰਮਚਾਰੀਆਂ ਵਜੋਂ ਕੰਮ ਕਰਦੇ ਹਨ, ਜੋ ਕਿ ਕੰਮ 'ਤੇ ਉਨ੍ਹਾਂ ਦਾ ਮਾਲਕ ਹੁੰਦਾ ਹੈ। ਕਰਮਚਾਰੀਆਂ ਨੂੰ ਆਪਣੇ ਮਾਲਕ ਨੂੰ ਟੈਕਸ ਫਾਈਲ ਨੰਬਰ (TFN) ਪ੍ਰਦਾਨ ਕਰਨਾ ਚਾਹੀਦਾ ਹੈ। ਮਾਲਕਾਂ ਨੂੰ ਚਾਹੀਦਾ ਹੈ ਕਿ ਜੋ ਲੋਕ ਅਸਲ ਵਿੱਚ ਕਰਮਚਾਰੀ ਹਨ, ਉਨ੍ਹਾਂ ਤੋਂ ABN ਨਾ ਮੰਗੇ।

ਕੁਝ ਅਜਿਹੇ ਕਾਰਕ ਹਨ ਜੋ ਤੁਹਾਨੂੰ ਫਰਕ ਦੱਸਣ ਵਿੱਚ ਮਦਦ ਕਰ ਸਕਦੇ ਹਨ।

ਇਹ ਚੈੱਕਲਿਸਟ ਸਿਰਫ਼ ਇੱਕ ਗਾਈਡ ਹੈ। ਤੁਸੀਂ ਇੱਕ ਸੁਤੰਤਰ

ਠੇਕੇਦਾਰ ਹੋ ਜਾਂ ਕਰਮਚਾਰੀ, ਇਹ ਜ਼ਰੂਰੀ ਨਹੀਂ ਕਿ ਇਹ ਦੋਵੇਂ ਪਾਸੇ ਦੇ ਕਾਰਕਾਂ ਦੀ ਗਿਣਤੀ ਦੁਆਰਾ ਤੈਅ ਕੀਤਾ ਜਾਵੇ। ਸਾਰੇ

ਕਾਰਕਾਂ ਨੂੰ ਇਕੱਠੇ ਵਿਚਾਰਿਆ ਜਾਣਾ ਚਾਹੀਦਾ ਹੈ।

| ਤੁਹਾਡੇ ਇੱਕ ਸੁਤੰਤਰ ਕੌਨਟ੍ਰੈਕਟਰ ਹੋਣ ਦੀ ਸੰਭਾਵਨਾ ਵਧੇਰੀ ਹੈ, ਜੇਕਰ: | ਤੁਹਾਡੇ ਕਰਮਚਾਰੀ ਹੋਣ ਦੀ ਸੰਭਾਵਨਾ ਜ਼ਿਆਦਾ ਹੈ ਅਤੇ ਤੁਹਾਨੂੰ ਆਪਣਾ ਟੈਕਸ ਫਾਈਲ ਨੰਬਰ ਦੇਣਾ ਚਾਹੀਦਾ ਹੈ ਜੇਕਰ: |
|---|---|
| ☐ ਤੁਸੀਂ ਆਪਣੇ ਖੁਦ ਲਈ ਕੰਮ ਕਰਦੇ ਹੋ - ਤੁਹਾਡੇ ਕੋਲ ਇਸ ਗੱਲ 'ਤੇ ਨਿਯੰਤਰਣ ਹੈ ਕਿ ਤੁਸੀਂ ਕਿਹੜਾ ਕੰਮ ਕਰਦੇ ਹੋ (ਉਦਾਹਰਣ ਵਜੋਂ, ਜੇਕਰ ਸਮਾਂ ਤੁਹਾਡੇ ਲਈ ਸਹੀ ਨਹੀਂ ਹੈ ਜਾਂ ਕੰਮ ਬਹੁਤ ਦੂਰੀ 'ਤੇ ਹੈ ਤਾਂ ਤੁਸੀਂ ਗਾਹਕਾਂ ਨੂੰ ਮਨ੍ਹਾਂ ਕਰ ਸਕਦੇ ਹੋ) | ☐ ਤੁਸੀਂ ਕਿਸੇ ਹੋਰ ਦੇ ਲਈ ਕੰਮ ਕਰਦੇ ਹੋ - ਤੁਹਾਡਾ ਕੰਮ ਦਾ ਮਾਲਕ ਇਹਨਾਂ ਚੀਜ਼ਾਂ ਉੱਤੇ ਨਿਯੰਤਰਣ ਰੱਖਦਾ ਹੈ:<br>1. ਤੁਸੀਂ ਕੀ ਕਰਦੇ ਹੋ ਅਤੇ ਕਿਵੇਂ ਕਰਦੇ ਹੋ?<br>2. ਤੁਸੀਂ ਕਿੰਨੇ ਘੰਟੇ ਕੰਮ ਕਰਦੇ ਹੋ?<br>3. ਤੁਸੀਂ ਕਿੱਥੇ ਕੰਮ ਕਰਦੇ ਹੋ (ਇਹ ਆਮ ਤੌਰ 'ਤੇ ਉਹੀ ਜਗਹ੍ਹਾ ਹੁੰਦੀ ਹੈ ਜਿੱਥੇ ਤੁਹਾਡਾ ਸੁਪਰਵਾਈਜ਼ਰ ਕੰਮ ਕਰਦਾ ਹੈ) |
| ☐ ਤੁਸੀਂ ਆਪ ਤੈਅ ਕੀਤੇ ਸਮੇਂ 'ਤੇ ਵੱਖੋ-ਵੱਖ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰ ਸਕਦੇ ਹੋ। | ☐ ਜਿਹੜੇ ਸਮੇਂ ਤੁਹਾਡਾ ਮਾਲਕ ਤੁਹਾਡੇ ਤੋਂ ਉਨਹ੍ਹਾਂ ਲਈ ਕੰਮ ਕਰਨ ਦੀ ਉਮੀਦ ਕਰਦਾ ਹੈ, ਤੁਸੀਂ ਉਨਹ੍ਹਾਂ ਘੰਟਿਆਂ ਦੌਰਾਨ ਕਿਸੇ ਹੋਰ ਲਈ ਕੰਮ ਨਹੀਂ ਕਰ ਸਕਦੇ। |
| ☐ ਤੁਸੀਂ ਜਨਤਕ ਤੌਰ 'ਤੇ ਆਪਣੀਆਂ ਸੇਵਾਵਾਂ ਦਾ ਇਸ਼ਤਿਹਾਰ ਦਿੰਦੇ ਹੋ | ☐ ਤੁਹਾਡਾ ਮਾਲਕ ਆਪਣੀਆਂ ਸੇਵਾਵਾਂ ਦਾ ਇਸ਼ਤਿਹਾਰ ਦਿੰਦਾ ਹੈ |
| ☐ ਤੁਸੀਂ ਆਪਣੇ ਖੁਦ ਦੇ ਔਜ਼ਾਰਾਂ ਅਤੇ ਉਪਕਰਣਾਂ ਦੀ ਵਰਤੋਂ ਕਰਦੇ ਹੋ। | ☐ ਤੁਹਾਡਾ ਮਾਲਕ ਤੁਹਾਨੂੰ ਵਰਤਣ ਲਈ ਉਪਕਰਣ ਅਤੇ ਸਾਜ਼ੋ-ਸਮਾਨ ਮੁਹੱਈਆ ਕਰਦਾ ਹੈ |
| ☐ ਤੁਸੀਂ ਕੰਮ ਕਿਸੇ ਹੋਰ ਨੂੰ ਸੌਂਪਣ ਦਾ (ਅਤੇ ਉਨਹ੍ਹਾਂ ਨੂੰ ਭੁਗਤਾਨ ਕਰਨ) ਬਾਰੇ ਫੈਸਲੇ ਲੈ ਸਕਦੇ ਹੋ। | ☐ ਤੁਹਾਡਾ ਮਾਲਕ ਇਸ ਬਾਰੇ ਫੈਸਲੇ ਲੈਂਦਾ ਹੈ ਕਿ ਕੰਮ ਦਾ ਕੋਈ ਵੀ ਹਿੱਸਾ ਉਹ ਕਿਸੇ ਹੋਰ ਕੋਲੋਂ ਕਰਵਾਉਣਾ ਚਾਹੁੰਦਾ ਹੈ |
| ☐ ਤੁਸੀਂ ਆਪਣੀ ਪਸੰਦ ਦੀ ਵਰਦੀ ਦੀ ਚੋਣ ਕਰ ਸਕਦੇ ਹੋ, ਜੇਕਰ ਕੋਈ ਹੋਵੇ। | ☐ ਤੁਹਾਡਾ ਮਾਲਕ ਤੁਹਾਨੂੰ ਵਰਦੀ ਪ੍ਰਦਾਨ ਕਰਦਾ ਹੈ |
| ☐ ਤੁਸੀਂ ਆਪਣਾ ਖੁਦ ਦਾ ਬਿਜ਼ਨਸ ਕਾਰਡ ਰੱਖਦੇ ਹੋ। | ☐ ਤੁਹਾਡੇ ਬਿਜ਼ਨਸ ਕਾਰਡ 'ਤੇ ਵੀ ਤੁਹਾਡੇ ਮਾਲਕ ਦਾ ਨਾਮ ਹੁੰਦਾ ਹੈ |
| ☐ ਤੁਸੀਂ ਆਪਣੇ ਸਾਰੇ ਟੈਕਸ ਮਾਮਲਿਆਂ ਅਤੇ ਸੁਪਰਐਨੁਏਸ਼ਨ (ਸੇਵਾਮੁਕਤੀ ਫੰਡ) ਦਾ ਪ੍ਰਬੰਧਨ ਖੁਦ ਕਰਦੇ ਹੋ। | ☐ ਤੁਹਾਡਾ ਮਾਲਕ ਤੁਹਾਡੀ ਤਨਖਾਹ ਵਿੱਚੋਂ ਟੈਕਸ ਕੱਟਦਾ ਹੈ ਅਤੇ ਤੁਹਾਡੇ ਸੁਪਰਐਨੁਏਸ਼ਨ (ਸੇਵਾਮੁਕਤੀ ਫੰਡ) ਵਿੱਚ ਯੋਗਦਾਨ ਪਾਉਂਦਾ ਹੈ। |
| ☐ ਜੋ ਕੋਈ ਵੀ ਤੁਹਾਡੀਆਂ ਸੇਵਾਵਾਂ ਲਈ ਤੁਹਾਨੂੰ ਭੁਗਤਾਨ ਕਰਨ ਲਈ ਸਹਿਮਤ ਹੁੰਦਾ ਹੈ, ਉਹ ਤੁਹਾਨੂੰ ਭੁਗਤਾਨ ਉਦੋਂ ਕਰਦਾ ਹੈ ਜਦੋਂ ਤੁਸੀਂ ਉਹਨਾਂ ਨੂੰ ਆਪਣਾ ਇਨਵੌਇਸ (ਬਿੱਲ) ਭੇਜਦੇ ਹੋ, ਜਿਸ ਵਿੱਚ ਤੁਹਾਡੇ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਵਸਤੂਆਂ ਜਾਂ ਸੇਵਾਵਾਂ ਦੀ ਸੂਚੀ ਹੁੰਦੀ ਹੈ। | ☐ ਤੁਹਾਡਾ ਮਾਲਕ ਤੁਹਾਨੂੰ ਨਿਯਮਤ ਤੌਰ 'ਤੇ ਤੁਹਾਡੇ ਕੰਮ ਕਰਨ ਦੇ ਘੰਟਿਆਂ ਲਈ ਭੁਗਤਾਨ ਕਰਦਾ ਹੈ, ਭਾਵੇਂ ਤੁਸੀਂ ਕੋਈ ਵੀ ਕੰਮ ਕੀਤਾ ਹੋਵੇ ਜਾਂ ਤੁਹਾਡੇ ਕੰਮ ਦਾ ਨਤੀਜਾ ਕੁਝ ਵੀ ਰਿਹਾ ਹੋਵੇ (ਬਸ਼ਰਤੇ ਕਿ ਤੁਹਾਨੂੰ ਇਕਾਈਆਂ ਦੇ ਹਿਸਾਬ ਨਾਲ, ਕਮਿਸ਼ਨ ਜਾਂ ਬੋਨਸ ਦਾ ਭੁਗਤਾਨ ਨਾ ਕੀਤਾ ਜਾ ਰਿਹਾ ਹੋਵੇ) |
| ☐ ਤੁਸੀਂ ਇਹ ਫੈਸਲਾ ਆਪ ਕਰਦੇ ਹੋ ਕਿ ਜੇ ਤੁਸੀਂ ਬਿਮਾਰ ਹੋ ਜਾਂ ਤੁਹਾਨੂੰ ਛੁੱਟੀ ਦੀ ਲੋੜ ਹੈ ਤਾਂ ਤੁਸੀਂ ਕੰਮ ਨਹੀਂ ਕਰੋਗੇ, ਇਹ ਜਾਣਦੇ ਹੋਏ ਕਿ ਇਸ ਨਾਲ ਤੁਹਾਡੀ ਆਮਦਨ ਘੱਟ ਸਕਦੀ ਹੈ। | ☐ ਤੁਹਾਡੇ ਵੱਲੋਂ ਸੂਚਿਤ ਕੀਤੇ ਜਾਣ ਤੋਂ ਬਾਅਦ, ਤੁਹਾਡਾ ਮਾਲਕ ਤੁਹਾਡੀ ਬਿਮਾਰੀ ਦੀ ਛੁੱਟੀ ਅਤੇ ਹੋਰ ਛੁੱਟੀਆਂ ਨੂੰ ਮਨਜ਼ੂਰੀ ਦਿੰਦਾ ਹੈ, ਜਿਨਹ੍ਹਾਂ ਵਾਸਤੇ ਆਮ ਤੌਰ 'ਤੇ ਭੁਗਤਾਨ ਕੀਤਾ ਜਾਂਦਾ ਹੈ |
| ☐ ਤੁਸੀਂ ਆਪਣੇ ਕਾਰੋਬਾਰ ਦੀਆਂ ਲਾਗਤਾਂ ਦਾ ਭੁਗਤਾਨ ਖੁਦ ਕਰਦੇ ਹੋ, ਜਿਵੇਂ ਕਿ ਬੀਮਾ ਖਰੀਦਣਾ, ਅਤੇ ਕਾਰੋਬਾਰੀ ਲਾਗਤਾਂ ਦਾ ਭੁਗਤਾਨ ਕਰਨ ਤੋਂ ਬਾਅਦ ਜੋ ਮੁਨਾਫ਼ਾ ਤੁਸੀਂ ਕਮਾਉਂਦੇ ਹੋ, ਉਸਨੂੰ ਆਪਣੇ ਕੋਲ ਰੱਖਦੇ ਹੋ। | ☐ ਤੁਹਾਡਾ ਮਾਲਕ ਤੁਹਾਡੀ ਤਨਖਾਹ ਅਤੇ ਬੀਮੇ ਵਰਗੇ ਕਾਰੋਬਾਰੀ ਖਰਚਿਆਂ ਦਾ ਭੁਗਤਾਨ ਕਰਦਾ ਹੈ, ਅਤੇ ਹੋਣ ਵਾਲੇ ਕੋਈ ਵੀ ਮੁਨਾਫੇ ਆਪਣੇ ਕੋਲ ਰੱਖ ਲੈਂਦਾ ਹੈ |
| ☐ ਜੇਕਰ ਤੁਹਾਡੇ ਕੰਮ ਵਿੱਚ ਕੋਈ ਸਮੱਸਿਆ ਆਉਂਦੀ ਹੈ ਜਾਂ ਕਾਰੋਬਾਰ ਸਹੀ ਢੰਗ ਨਾਲ ਨਹੀਂ ਚੱਲਦਾ ਹੈ ਤਾਂ ਤੁਹਾਨੂੰ ਪੈਸੇ ਦੇ ਨੁਕਸਾਨ ਦਾ ਸਾਮਹ੍ਣਾ ਕਰਨਾ ਪੈ ਸਕਦਾ ਹੈ। | ☐ ਤੁਹਾਡੇ ਕੰਮ ਦੀ ਗੁਣਵੱਤਾ ਜਾਂ ਮਾਤਰਾ ਕੁਝ ਵੀ ਰਹੀ ਹੋਵੇ, ਤੁਹਾਨੂੰ ਭੁਗਤਾਨ ਕੀਤਾ ਜਾਂਦਾ ਹੈ (ਬਸ਼ਰਤੇ ਕਿ ਤੁਹਾਨੂੰ ਇਕਾਈਆਂ ਦੇ ਹਿਸਾਬ ਨਾਲ, ਕਮਿਸ਼ਨ ਜਾਂ ਬੋਨਸ ਦਾ ਭੁਗਤਾਨ ਨਾ ਕੀਤਾ ਜਾ ਰਿਹਾ ਹੋਵੇ), ਅਤੇ ਜੇਕਰ ਕਾਰੋਬਾਰ ਨੂੰ ਕੋਈ ਨੁਕਸਾਨ ਹੁੰਦਾ ਹੈ, ਤਾਂ ਤੁਹਾਡਾ ਮਾਲਕ ਲਾਗਤ ਵਿੱਚ ਹੋਣ ਵਾਲੇ ਨੁਕਸਾਨ ਨੂੰ ਆਪ ਚੁੱਕਦਾ ਹੈ। |